# ਜੰਗੇ ਓਹਦ ਦੇ ਹਵਾਲੇ ਨਾਲ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਜੀਵਨੀ ਦਾ ਜ਼ਿਕਰ ਅਤੇ ਮੀਡਲ ਈਸਟ ਵਿੱਚ ਵਿਗੜਦੇ ਹਾਲਾਤਾਂ ਦੇ ਪੇਸ਼ ਨਜ਼ਰ ਦੁਆਵਾਂ ਦੀ ਤਹਰੀਕ

ਸੰਖੇਪ ਵਿਵਰਨ ਖ਼ੁਤਬਾ ਜੁਮਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲ ਮਸੀਹ ਅਲ-ਖਾਮਿਸ
ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 19 ਅਪ੍ਰੈਲ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ. بِسْمِ اللّٰهِ الرَّحْمٰنِ الرَّحِيْمِ. اَلْحَمْدُ لِلّٰهِ رَبِّ الْعٰلَمِيْنَ. الرَّحْمٰنِ الرَّحِيْمِ. مٰلِكِ يَوْمِ الدِّيْنِ. اِيَّاكَ نَعْبُدُ وَاِيَّاكَ نَسْتَعِيْنُ. اِهْدِنَا الصِّرَاطَ الْمُسْتَقِيْمَ. صِرَاطَ الَّذِيْنَ اَنْعَمْتَ عَلَيْهِمْ. غَيْرِ الْمَغْضُوْبِ عَلَيْهِمْ وَلَا الضَّآلِّيْنَ ●

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਜੰਗੇ ਓਹਦ ਦੇ ਕਿੱਸਿਆਂ ਸੰਬੰਧੀ ਕੁੱਝ ਹੋਰ ਕਿੱਸੇ ਪੇਸ਼ ਹਨ। ਜਿਨ੍ਹਾਂ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਜੀਵਨੀ ਦੇ ਸੋਹਣੇ ਪਹਿਲੂਆਂ ਦਾ ਹੋਰ ਪਤਾ ਲੱਗਦਾ ਹੈ। ਹਜ਼ਰਤ ਜਾਬਰ ਬਿਨ ਅਬਦੁੱਲਾਹ ਰਜ਼ੀ ਅੱਲਾਹ ਅੰਨਹੁਮਾ ਬਿਆਨ ਕਰਦੇ ਹਨ ਕਿ ਉਹਨਾਂ ਦੇ ਪਿਤਾ ਹਜ਼ਰਤ ਅਬਦੁੱਲਾਹ ਬਿਨ ਉਮਰ ਰਜ਼ੀ ਅੱਲਾਹ ਅੰਨਹੁ ਜੱਦ ਇਸ ਨਿਮਾਣੇ ਸੰਸਾਰ ਨੂੰ ਅਲਵਿਦਾ ਕਹਿ ਗਏ ਤਾਂ ਉਹਨਾਂ ਉੱਤੇ ਕਰਜ਼ਾ ਸੀ। ਮੈਂ ਨਬੀ ਕਰੀਮ ਸੱਲਲਾਹੁ ਅਲੈਹਿ ਵਸੱਲਮ ਤੋਂ ਮਦਦ ਮੰਗੀ ਕਿ ਆਪ ਉਹਨਾਂ ਤੋਂ ਕਰਜ਼ ਵਾਪਸ ਲੈਣ ਵਾਲਿਆਂ ਨੂੰ ਸਮਝਾਉਣ ਕਿ ਉਹ ਉਹਨਾਂ ਦੇ ਕਰਜ਼ੇ ਵਿੱਚ ਕਮੀ ਕਰ ਦੇਣ ਤਾਂ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਉਹਨਾਂ ਨੂੰ ਇਸ ਸੰਬੰਧੀ ਪੁੱਛਿਆ। ਪਰ ਉਹਨਾਂ ਨੇ ਕਮੀ ਨ ਕੀਤੀ। ਤੱਦ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਮੈਨੂੰ ਫ਼ਰਮਾਇਆ ਕਿ ਜਾਓ ਅਤੇ ਆਪਣੀ ਖਜੂਰਾਂ ਦੀ ਹਰ ਇੱਕ ਕਿਸਮ ਨੂੰ ਵੱਖ ਰੱਖਣਾ ਅਤੇ ਫ਼ਿਰ ਮੈਨੂੰ ਸੰਦੇਸ਼ ਭੇਜਣਾ। ਸੋ, ਮੈਂ ਇੰਝ ਹੀ ਕੀਤਾ ਅਤੇ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਨੂੰ ਸੱਦਾ ਭੇਜਿਆ। ਆਪ ਸੱਲਲਾਹੁ ਅਲੈਹਿ ਵਸੱਲਮ ਆਏ ਤਾਂ ਆਪ ਸੱਲਲਾਹੁ ਅਲੈਹਿ ਵਸੱਲਮ ਖਜੂਰਾਂ ਦੀ ਢੇਰੀ ਉੱਤੇ ਜਾਂ ਉਹਨਾਂ ਦੇ ਵਿੱਚਕਾਰ ਬਹਿ ਗਏ। ਫ਼ਿਰ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ : ਉਹਨਾਂ ਲੋਕਾਂ ਨੂੰ ਮਾਪ ਕਰ ਦਿਓ। ਸੋ, ਮੈਂ ਉਹਨਾਂ ਨੂੰ ਮਾਪ ਕੇ ਦਿੱਤਾ। ਇੱਥੇ ਤੱਕ ਕਿ ਜੋ ਉਹਨਾਂ ਦਾ ਹੱਕ ਸੀ। ਮੈਂ ਉਹਨਾਂ ਨੂੰ ਪੂਰਾ ਦੇ ਦਿੱਤਾ। ਫ਼ਿਰ ਵੀ ਮੇਰੀਆਂ ਖਜੂਰਾਂ ਬਚ ਗਈਆਂ। ਇੰਝ ਲੱਗਦਾ ਸੀ ਕਿ ਉਹਨਾਂ ਵਿੱਚੋਂ ਕੁੱਝ ਕਮੀ ਨਹੀਂ ਹੋਈ ਹੈ।

ਹਜ਼ੂਰੇ ਅਨਵਰ ਨੇ ਫ਼ਰਮਾਇਆ : ਹਜ਼ਰਤ ਸਾਅਦ ਬਿਨ ਮੁਆਜ਼ ਰਜ਼ੀ ਅੱਲਾਹ ਅੰਨਹੁ ਦੀ ਬੁੱਢੀ ਅਤੇ ਕਮਜ਼ੋਰ ਮਾਤਾ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਲਈ ਮਦੀਨਾ ਤੋਂ ਬਾਹਰ ਨਿਕਲ ਆਈਂ। ਜਿਸ ਦਾ ਵਿਸਥਾਰ ਪਿੱਛਲੇ ਖ਼ੁਤਬੇ ਵਿੱਚ ਬਿਆਨ ਹੋ ਚੁੱਕਿਆ ਹੈ ਕਿ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਆਪਣੀ ਸਵਾਰੀ ਰੋਕ ਕੇ ਉਹਨਾਂ ਦੇ ਪੁੱਤਰ ਦੀ ਸ਼ਹਾਦਤ ਦਾ ਅਫ਼ਸੋਸ ਕੀਤਾ। ਇਹ ਵਿਸਥਾਰ ਬਿਆਨ ਕਰਨ ਦੇ ਬਾਦ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਇਹਨਾਂ ਕਿੱਸਿਆਂ ਉੱਤੇ ਧਿਆਨ ਦਿਓ ਅਤੇ ਵੇਖੋ ਕਿ ਆਪ ਸੱਲਲਾਹੁ ਅਲੈਹਿ ਵਸੱਲਮ ਨੂੰ ਕਿੰਨ੍ਹਾਂ ਖ਼ਿਆਲ ਸੀ ਕਿ ਜਿਸ ਕਿਸੇ ਨੂੰ ਤਕਲੀਫ਼ ਪਹੁੰਚੀ ਹੈ। ਉਸ ਦੇ ਨਾਲ ਹਮਦਰਦੀ ਕੀਤੀ ਜਾਵੇ। ਉਸ ਦੇ ਬਾਦ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ : ਤੁਸੀਂ ਵੀ ਖ਼ੁਸ਼ ਹੋ ਅਤੇ ਹੋਰ ਭੈਣਾਂ ਨੂੰ ਵੀ ਜਿੰਨ੍ਹਾਂ ਦੇ ਰਿਸ਼ਤੇਦਾਰ

ਲੜ੍ਹਾਈ ਵਿੱਚ ਸ਼ਹੀਦ ਹੋ ਗਏ ਹਨ। ਇਹ ਖ਼ੁਸ਼ਖ਼ਬਰੀ ਸੁਣਾ ਦਿਓ ਕਿ ਸਾਡੇ ਜਿੰਨ੍ਹੇ ਬੰਦੇ ਅੱਜ ਸ਼ਹੀਦ ਹੋਏ ਹਨ। ਰੱਬ ਨੇ ਉਹਨਾਂ ਸਭ ਨੂੰ ਸਵਰਗ ਵਿੱਚ ਇੱਕਠਾ ਰੱਖਿਆ ਹੈ ਅਤੇ ਸਭ ਨੇ ਦੁਆ ਕੀਤੀ ਕਿ ਹੇ ਰੱਬ ! ਸਾਡੇ ਪਿੱਛੇ ਰਹਿਣ ਵਾਲਿਆਂ ਦਾ ਧਿਆਨ ਰੱਖੀਂ। ਇਸ ਦੇ ਬਾਦ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਆਪ ਵੀ ਦੁਆ ਕੀਤੀ ਕਿ ਹੇ ਰੱਬ ! ਓਹਦ ਦੇ ਸ਼ਹੀਦਾਂ ਦੇ ਪਿੱਛੇ ਰਹਿਣ ਵਾਲਿਆਂ ਲਈ ਚੰਗੇ ਹਾਲ ਪੁੱਛਣ ਵਾਲੇ ਪੈਦਾ ਫ਼ਰਮਾ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ : ਇਸ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਮਦੀਨਾ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਹੀ ਓਹਦ ਦੇ ਸ਼ਹੀਦਾਂ ਦੇ ਪਿੱਛੇ ਰਹਿਣ ਵਾਲਿਆਂ ਨੂੰ ਖ਼ੁਸ਼ ਕੀਤਾ ਅਤੇ ਉਹਨਾਂ ਨਾਲ ਹਮਦਰਦੀ ਦਾ ਪ੍ਰਕਟਾਵਾ ਕੀਤਾ ਅਤੇ ਇਸ ਦੇ ਬਾਦ ਵੀ ਕਿ ਆਪ ਸੱਲਲਾਹੁ ਅਲੈਹਿ ਵਸੱਲਮ ਜ਼ਖ਼ਮੀ ਹੋ ਗਏ ਸਨ। ਆਪ ਸੱਲਲਾਹੁ ਅਲੈਹਿ ਵਸੱਲਮ ਦੇ ਪਿਆਰੇ ਰਿਸ਼ਤੇਦਾਰ ਸ਼ਹੀਦ ਹੋ ਗਏ ਸਨ ਅਤੇ ਆਪ ਦੇ ਪਿਆਰੇ ਸਹਾਬੀ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਆਪ ਸੱਲਲਾਹੁ ਅਲੈਹਿ ਵਸੱਲਮ ਲਗਾਤਾਰ ਕਦਮ ਕਦਮ ਉੱਤੇ ਮਦੀਨਾ ਦੇ ਲੋਕਾਂ ਦੇ ਦਿਲ੍ਹ ਖ਼ੁਸ਼ ਕਰ ਰਹੇ ਸਨ। ਆਪ ਸੱਲਲਾਹੁ ਅਲੈਹਿ ਵਸੱਲਮ ਨੂੰ ਆਪਣੀ ਤਕਲੀਫ਼ ਦਾ ਕੁੱਝ ਵੀ ਖ਼ਿਆਲ ਨਹੀ ਸੀ। ਆਪ ਸੱਲਲਾਹੁ ਅਲੈਹਿ ਵਸੱਲਮ ਤੋਂ ਬਿਨਾਂ ਹੋਰ ਕੋਈ ਅਜਿਹਾ ਵਿਅਕਤੀ ਨਹੀਂ ਹੋ ਸਕਦਾ। ਜੋ ਇੰਨ੍ਹੀ ਤਕਲੀਫ਼, ਇੰਨ੍ਹੇ ਦੁੱਖ ਅਤੇ ਇੰਨ੍ਹੀ ਮੁਸੀਬਤ ਦੇ ਸਮੇਂ ਹੋਰਾਂ ਨਾਲ ਹਮਦਰਦੀ ਦਾ ਪ੍ਰਕਟਾਵਾ ਕਰੇ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ : ਇਸ ਜੰਗ ਵਿੱਚ ਵੀ ਅਸੀਂ ਵੇਖਦੇ ਹਾਂ ਕਿ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਨੇ ਕਿਵੇਂ ਉੱਚੇ ਹੌਸਲੇ ਅਤੇ ਆਪਣੇ ਉੱਚੇ ਆਚਰਣ ਦਾ ਨਮੂਨਾ ਪੈਸ਼ ਕੀਤਾ ਅਤੇ ਲੋਕਾਂ ਦੇ ਨਾਲ ਹਮਦਰਦੀ ਕੀਤੀ। ਇਸ ਜੰਗ ਦੇ ਹਾਲਾਤਾਂ ਤੋਂ ਪਤਾ ਲੱਗਦਾ ਹੈ ਕਿ ਆਪ ਸੱਲਲਾਹੁ ਅਲੈਹਿ ਵਸੱਲਮ ਆਚਰਣ ਦੇ ਕਿੰਨ੍ਹੇ ਬੁਲੰਦ ਮੁਕਾਮ ਉੱਤੇ ਖੜ੍ਹੇ ਸਨ ਅਤੇ ਇਸ ਜੰਗ ਵਿੱਚ ਸਹਾਬਾ ਰਜ਼ੀ ਅੱਲਾਹ ਅੰਨਹੁਮਾ ਦੀਆਂ ਸ਼ਾਨਦਾਰ ਕੁਰਬਾਨੀਆਂ ਦਾ ਵੀ ਪਤਾ ਲੱਗਦਾ ਹੈ। ਜੱਦ ਆਪ ਸੱਲਲਾਹੁ ਅਲੈਹਿ ਵਸੱਲਮ ਜੰਗ ਖ਼ਤਮ ਹੋਣ ਉੱਤੇ ਮਦੀਨਾ ਆ ਰਹੇ ਸਨ। ਮਦੀਨਾ ਦੀਆਂ ਔਰਤਾਂ ਜੋ ਆਪ ਸੱਲਲਾਹੁ ਅਲੈਹਿ ਵਸੱਲਮ ਦੀ ਸ਼ਹਾਦਤ ਦੀ ਖ਼ਬਰ ਸੁਣ ਕੇ ਸਖ਼ਤ ਬੇਚੈਨ ਸਨ ਹੁਣ ਉਹ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਆਉਣ ਦੀ ਖ਼ਬਰ ਸੁਣ ਕੇ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਸਵਾਗਤ ਲਈ ਮਦੀਨਾ ਤੋਂ ਬਾਹਰ ਕੁੱਝ ਅੱਗੇ ਤੱਕ ਆ ਗਈਆਂ ਸਨ। ਉਹਨਾਂ ਵਿੱਚ ਆਪ ਸੱਲਲਾਹੁ ਅਲੈਹਿ ਵਸੱਲਮ ਦੀ ਇੱਕ ਸਾਲੀ, ਹਜ਼ਰਤ ਹੁਮਨਾ ਬਿਨਤੇ ਹਜਸ਼ ਰਜ਼ੀ ਅੱਲਾਹ ਅੰਨਹੁ ਵੀ ਸਨ, ਜੋ ਹਜ਼ਰਤ ਮਸਅਬ ਬਿਨ ਉਮੈਰ ਰਜ਼ੀ ਅੱਲਾਹ ਅੰਨਹੁ ਦੀ ਪਤਨੀ ਸਨ। ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਨੇ ਜੱਦ ਬਾਰੀ ਬਾਰੀ ਹਜ਼ਰਤ ਹੁਮਨਾ ਰਜ਼ੀ ਅੱਲਾਹ ਅੰਨਹਾ ਨੂੰ ਉਹਨਾਂ ਦੇ ਮਾਮੇ, ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੁ ਅਤੇ ਉਹਨਾਂ ਦੇ ਭਰਾ ਅਬਦੁੱਲਾਹ ਬਿਨ ਹਜਸ਼ ਰਜ਼ੀ ਅੱਲਾਹ ਅੰਨਹੁ ਦੀ ਸ਼ਹਾਦਤ ਦੀ ਖ਼ਬਰ ਦਿੱਤੀ ਤਾਂ ਆਪ ਰਜ਼ੀ ਅੱਲਾਹ ਅੰਨਹਾ ਨੇ اناللهوانااليہراجعون ਪੜ੍ਹਿਆ ਅਤੇ ਉਹਨਾਂ ਦੇ ਬੁਲੰਦ ਦਰਜਾਤ ਲਈ ਦੁਆ ਕੀਤੀ। ਪਰ ਆਪਣੇ ਪਤੀ ਹਜ਼ਰਤ ਮਸਅਬ ਬਿਨ ਉਮੈਰ ਰਜ਼ੀ ਅੱਲਾਹ ਅੰਨਹੁ ਦੀ ਸ਼ਹਾਦਤ ਦੀ ਖ਼ਬਰ ਸੁਣ ਕੇ ਆਪ ਦੀਆਂ ਅੱਖਾਂ ਵਿੱਚੋਂ ਅੱਥਰੂ ਨਿਕਲ ਗਏ ਅਤੇ ਕਿਹਾ ! ਹਾਏ ਅਫ਼ਸੋਸ। ਇਹ ਵੇਖ ਕੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ : ਵੇਖੋ ! ਔਰਤ ਨੂੰ ਆਪਣੇ ਪਤੀ ਨਾਲ ਕਿੰਨ੍ਹਾਂ ਡੂੰਗਾ ਸੰਬੰਧ ਹੁੰਦਾ ਹੈ। ਆਪ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ : ਔਰਤ ਨੂੰ ਅਜਿਹੇ ਸਮੇਂ ਵਿੱਚ ਆਪਣੇ ਪਿਆਰੇ ਰਿਸ਼ਤੇਦਾਰ ਅਤੇ ਖ਼ੂਨੀ ਰਿਸ਼ਤੇਦਾਰ ਭੁੱਲ ਜਾਂਦੇ ਹਨ। ਪਰ ਉਸ ਨੂੰ ਪਿਆਰ ਕਰਨ ਵਾਲਾ ਪਤੀ ਯਾਦ ਰਹਿੰਦਾ ਹੈ। ਇਸ ਦੇ ਬਾਦ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਹੁਮਨਾ ਨੂੰ ਪੁੱਛਿਆ ਕਿ ਤੂੰ ਆਪਣੇ ਪਤੀ ਦੀ ਮੌਤ ਦੀ ਖ਼ਬਰ ਸੁਣ ਕੇ ਹਾਏ ਅਫ਼ਸੋਸ ਕਿਉਂ ਕਿਹਾ ? ਤੱਦ ਉਹਨਾਂ ਨੇ ਕਿਹਾ : ਹੇ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ! ਮੈਨੂੰ ਉਸ ਦੇ ਬੇਟੇ ਯਾਦ ਆ ਗਏ

ਕਿ ਉਹਨਾਂ ਦਾ ਕੌਣ ਧਿਆਨ ਰੱਖੇਗਾ। ਆਪ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ : ਮੈਂ ਰੱਬ ਤੋਂ ਦੁਆ ਕਰਨਾ ਕਿ ਰੱਬ ਉਹਨਾਂ ਦਾ ਤੁਹਾਡੇ ਪਤੀ ਤੋਂ ਵੱਧ ਧਿਆਨ ਰੱਖਣ ਵਾਲਾ ਪੈਦਾ ਕਰ ਦੇਵੇ। ਸੋ, ਇਸ ਦੁਆ ਦਾ ਨਤੀਜਾ ਇਹ ਸੀ ਕਿ ਹਜ਼ਰਤ ਹੁਮਨਾ ਰਜ਼ੀ ਅੱਲਾਹ ਅੰਨਹਾ ਦੀ ਸ਼ਾਦੀ ਹਜ਼ਰਤ ਤਲਹਾ ਰਜ਼ੀ ਅੱਲਾਹ ਅੰਨਹੁ ਨਾਲ ਹੋ ਗਈ ਅਤੇ ਉਹਨਾਂ ਦੇ ਘਰ ਮੁਹੰਮਦ ਬਿਨ ਤਲਹਾ ਪੈਦਾ ਹੋਇਆ। ਪਰ ਤਾਰੀਖ਼ ਵਿੱਚ ਜ਼ਿਕਰ ਆਉਂਦਾ ਹੈ ਕਿ ਹਜ਼ਰਤ ਤਲਹਾ ਰਜ਼ੀ ਅੱਲਾਹ ਅੰਨਹੁ ਆਪਣੇ ਬੇਟੇ ਮੁਹੰਮਦ ਦੇ ਨਾਲ ਇੰਨ੍ਹੀ ਮੁਹੱਬਤ ਅਤੇ ਪਿਆਰ ਨਹੀਂ ਕਰਦੇ ਸਨ, ਜਿੰਨ੍ਹੀ ਕਿ ਹਜ਼ਰਤ ਹੁਮਨਾ ਰਜ਼ੀ ਅੱਲਾਹ ਅੰਨਹਾ ਦੇ ਪਹਿਲੇ ਬੱਚਿਆਂ ਨਾਲ ਕਰਦੇ ਸਨ। ਲੋਕ ਇਹ ਕਹਿੰਦੇ ਸਨ ਕਿ ਕਿਸੇ ਹੋਰ ਦੇ ਬੱਚਿਆਂ ਨੂੰ ਇੰਨ੍ਹੀ ਮੁਹੱਬਤ ਨਾਲ ਪਾਲਣ ਵਾਲਾ ਤਲਹਾ ਤੋਂ ਵੱਧ ਹੋਰ ਹੋਈ ਨਹੀਂ।

ਇਸ ਕਿੱਸੇ ਦਾ ਜ਼ਿਰਕ ਕਰਦੇ ਹੋਏ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਫਰਮਾਉਂਦੇ ਹਨ ਕਿ ਵੇਖੋ! ਇੱਕ ਔਰਤ ਦਾ ਆਪਣੇ ਮੁਹੱਬਤ ਕਰਨ ਵਾਲੇ ਪਤੀ ਨਾਲ ਕਿੰਨ੍ਹਾਂ ਡੂੰਗਾ ਸੰਬੰਧ ਹੁੰਦਾ ਹੈ ਤਾਂ ਉਸ ਨਾਲ ਆਪ ਸੱਲਲਾਹੁ ਅਲੈਹਿ ਵਸੱਲਮ ਦਾ ਇਹ ਮਤਲਬ ਸੀ ਕਿ ਮਰਦਾਂ ਨੂੰ ਚਾਹੀਦਾ ਹੈ ਕਿ ਉਹ ਔਰਤਾਂ ਨਾਲ ਚੰਗਾ ਸਲੂਕ ਕਰਨ ਅਤੇ ਨਿੱਕੀ ਨਿੱਕੀ ਗੱਲ੍ਹ ਉੱਤੇ ਉਹਨਾਂ ਨੂੰ ਕੁੱਟਣ ਮਾਰਨ ਨ ਲੱਗ ਜਾਣ। ਜੱਦ ਔਰਤਾਂ ਆਪਣੇ ਲੋਕਾਂ ਨੂੰ ਛੱਡ ਕੇ ਉਹਨਾਂ ਦੇ ਕੋਲ੍ਹ ਰਹਿੰਦੀ ਹੈ ਤਾਂ ਇਨੰਸਾਫ਼ ਦਾ ਤਕਾਦਾ ਇਹ ਹੈ ਕਿ ਉਹਨਾਂ ਦਾ ਮਾਣ ਕੀਤਾ ਜਾਵੇ, ਨ ਕਿ ਗੱਲ੍ਹ ਗੱਲ੍ਹ ਉੱਤੇ ਉਹਨਾਂ ਨਾਲ ਝੱਗੜ੍ਹਾ ਫ਼ਸਾਦ ਕੀਤਾ ਜਾਵੇ। ਹਜ਼ੂਰੇ ਅਨਵਰ ਨੇ ਫ਼ਰਮਾਇਆ : ਹਰ ਗੱਲ੍ਹ ਵਿੱਚ ਇੱਕ ਸੀਖ ਹੁੰਦੀ ਹੈ। ਮਨੁੱਖ ਧਿਆਨ ਨਾਲ ਸੁਣੇ ਅਤੇ ਸੋਚੇ ਤਾਂ ਫ਼ਿਰ ਪਤਾ ਲੱਗਦਾ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਗੱਲ੍ਹ ਕੇਵਲ ਉਸ ਵਿਅਕਤੀ ਲਈ ਨਹੀਂ ਸੀ। ਸਗੋਂ ਆਮ ਤੌਰ ਉੱਤੇ ਹਰ ਇੱਕ ਲਈ ਇੱਕ ਨਸੀਹਤ ਹੈ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ ਬਿਆਨ ਫ਼ਰਮਾਇਆ ਕਿ ਜੱਦ ਆਪ ਸੱਲਲਾਹੁ ਅਲੈਹਿ ਵਸੱਲਮ ਮਦੀਨਾ ਵਿੱਚ ਦਾਖ਼ਲ ਹੋਏ ਤਾਂ ਮਦੀਨਾ ਦੀਆਂ ਉਹਨਾਂ ਔਰਤਾਂ ਨੂੰ ਜਿੰਨ੍ਹਾਂ ਦੇ ਰਿਸ਼ਤੇਦਾਰ ਜੰਗ ਵਿੱਚ ਸ਼ਹੀਦ ਹੋ ਗਏ ਸਨ। ਉਹਨਾਂ ਦੀ ਸ਼ਹਾਦਤ ਦੀ ਖ਼ਬਰ ਪਹੁੰਚ ਚੁੱਕੀ ਸੀ। ਉਹਨਾਂ ਨੇ ਰੌਣਾ ਸ਼ੁਰੂ ਕਰ ਦਿੱਤਾ। ਆਪ ਸੱਲਲਾਹੁ ਅਲੈਹਿ ਵਸੱਲਮ ਨੇ ਜੱਦ ਔਰਤਾਂ ਦੇ ਰੌਣ ਦੀ ਆਵਾਜ਼ ਸੁਣੀ ਤਾਂ ਆਪ ਸੱਲਲਾਹੁ ਅਲੈਹਿ ਵਸੱਲਮ ਨੂੰ ਮੁਸਲਮਾਨਾਂ ਦੀ ਤਕਲੀਫ਼ ਦਾ ਖ਼ਿਆਲ ਆਇਆ ਅਤੇ ਆਪ ਸੱਲਲਾਹੁ ਅਲੈਹਿ ਵਸੱਲਮ ਦੀਆਂ ਅੱਖਾਂ ਭਰ ਆਇਆਂ। ਫ਼ਿਰ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ : ਮੇਰੇ ਚਾਚਾ ਅਤੇ ਦੁੱਧ ਭਰਾ ਹਮਜ਼ਾ ਰਜ਼ੀ ਅੱਲਾਹ ਅੰਨਹੁ ਵੀ ਸ਼ਹੀਦ ਹੋ ਗਏ। ਪਰ ਉਹਨਾਂ ਦਾ ਮਾਤਮ ਕਰਨ ਵਾਲਾ ਕੋਈ ਨਹੀਂ ? ਇਹ ਸੁਣ ਕੇ ਸਹਾਬਾ ਰਜ਼ੀ ਅੱਲਾਹ ਅੰਨਹੁ ਜਿੰਨ੍ਹਾਂ ਨੂੰ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਜਜ਼ਬਾਤ ਅਤੇ ਇਹਸਾਸ ਨੂੰ ਪੂਰਾ ਕਰਨ ਦੀ ਤੜ੍ਹਪ ਸੀ। ਉਹ ਆਪਣੇ ਘਰਾਂ ਵੱਲ੍ਹ ਦੌੜ੍ਹੇ ਅਤੇ ਆਪਣੀਆਂ ਔਰਤਾਂ ਨੂੰ ਜਾ ਕੇ ਕਿਹਾ : ਬਸ ਹੁਣ ਤੁਸੀਂ ਆਪਣੇ ਰਿਸ਼ਤੇਦਾਰਾਂ ਲਈ ਰੌਣਾ ਬੰਦ ਕਰ ਦਿਓ ਅਤੇ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਦੇ ਘਰ ਜਾ ਕੇ ਹਮਜ਼ਾ ਰਜ਼ੀ ਅੱਲਾਹ ਅੰਨਹੁ ਦਾ ਮਾਤਮ ਕਰੋ। ਇੰਨ੍ਹੇ ਵਿੱਚ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਕਿਉਂਕਿ ਥੱਕੇ ਹੋਏ ਆਏ ਸਨ। ਆਪ ਸੱਲਲਾਹੁ ਅਲੈਹਿ ਵਸੱਲਮ ਆਰਾਮ ਕਰਨ ਲੱਗੇ। ਜੱਦ ਰਾਤ ਦਾ ਤੀਜਾ ਹਿੱਸਾ ਲੰਘ ਗਿਆ ਤਾਂ ਹਜ਼ਰਤ ਬਿਲਾਲ ਰਜ਼ੀ ਅੱਲਾਹ ਅੰਨਹੁ ਨੇ ਆਪ ਸੱਲਲਾਹੁ ਅਲੈਹਿ ਵਸੱਲਮ ਨੂੰ ਇਸ਼ਾਅ ਦੀ ਨਮਾਜ਼ ਲਈ ਜਗਾਇਆ। ਆਪ ਸੱਲਲਾਹੁ ਅਲੈਹਿ ਵਸੱਲਮ ਜੱਦ ਜਾਗੇ ਤਾਂ ਉਸ ਸਮੇਂ ਔਰਤਾਂ ਹਾਲੇ ਤੱਕ ਆਪ ਕੇ ਘਰ ਵਿੱਚ ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੁ ਦਾ ਨੌਹਾ ਕਰ ਰਹੀਆਂ ਸਨ। ਆਪ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ : ਇਹ ਕੀ ਹੋ ਰਿਹਾ ਹੈ ? ਦੱਸਿਆ ਗਿਆ : ਹੇ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਮਦੀਨਾ ਦੀਆਂ ਔਰਤਾਂ ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੁ ਦੀ ਸ਼ਹਾਦਤ ਉੱਤੇ ਰੌ ਰਹੀਆਂ ਹਨ। ਆਪ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ : ਰੱਬ ਮਦੀਨਾ ਦੀਆਂ ਔਰਤਾਂ ਉੱਤੇ ਰਹਿਮ ਕਰੇ। ਉਹਨਾਂ ਨੇ ਮੇਰੇ ਨਾਲ ਹਮਦਰਦੀ ਦਾ

ਪ੍ਰਕਟਾਵਾ ਕੀਤਾ। ਫ਼ਿਰ ਫ਼ਰਮਾਇਆ : ਮੈਨੂੰ ਪਹਿਲਾਂ ਹੀ ਪਤਾ ਸੀ ਕਿ ਅਨੰਸਾਰ ਨੂੰ ਮੇਰੇ ਨਾਲ ਬਹੁਤ ਪਿਆਰ ਹੈ। ਨਾਲ ਹੀ ਫ਼ਰਮਾਇਆ : ਇੰਝ ਨੋਹਾ ਕਰਨਾ ਰੱਬ ਨੂੰ ਪਸੰਦ ਨਹੀਂ। ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ : ਆਪ ਸੱਲਲਾਹੁ ਅਲੈਹਿ ਵਸੱਲਮ ਨੇ ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੁ ਦੀ ਸ਼ਹਾਦਤ ਉੱਤੇ ਕਿਸੇ ਦੇ ਨ ਰੋਣ ਦਾ ਪ੍ਰਕਟਾਵਾ ਕੀਤਾ। ਆਪ ਸੱਲਲਾਹੁ ਅਲੈਹਿ ਵਸੱਲਮ ਨੇ ਮਨਾਂ ਵੀ ਕਰ ਦਿੱਤਾ ਅਤੇ ਉਹਨਾਂ ਦਾ ਧੰਨਵਾਦ ਵੀ ਕਰ ਦਿੱਤਾ। ਸਾਨੂੰ ਇਹ ਕਿੰਨ੍ਹਾਂ ਸ਼ਾਨਦਾਰ ਅਤੇ ਵੱਡਮੁੱਲ੍ਹਾ ਤਰੀਕਾ ਨਜ਼ਰ ਆਉਂਦਾ ਹੈ। ਜੋ ਇੰਨ੍ਹੇ ਨਾਜ਼ੁਕ ਸਮੇਂ ਵਿੱਚ ਆਪ ਨੇ ਚੁਣਿਆ।

ਜੱਦ ਨਬੀ ਕਰੀਮ ਸੱਲਲਾਹੁ ਅਲੈਹਿ ਵਸੱਲਮ ਘਰ ਵਿੱਚ ਦਾਖ਼ਲ ਹੋਏ ਤਾਂ ਆਪਣੀ ਬੇਟੀ ਫ਼ਾਤਮਾ ਰਜ਼ੀ ਅੱਲਾਹ ਅੰਨਹਾ ਨੂੰ ਤਲਵਾਰ ਫੜ੍ਹਾਉਂਦੇ ਹੋਏ ਫ਼ਰਮਾਇਆ ਕਿ ਹੇ ਬੇਟੀ ! ਇਸ ਤਲਵਾਰ ਉੱਤੇ ਲੱਗੇ ਲਹੂ ਨੂੰ ਸਾਫ਼ ਕਰ ਦਿਓ। ਰੱਬ ਦੀ ਕਸਮ ! ਅੱਜ ਤਾਂ ਇਸ ਤਲਵਾਰ ਨੇ ਹੱਕ ਅਦਾ ਕਰ ਦਿੱਤਾ ਹੈ। ਫ਼ਿਰ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੁ ਨੇ ਵੀ ਆਪ ਨੂੰ ਆਪਣੀ ਤਲਵਾਰ ਥਮਾਉਂਦੇ ਹੋਏ ਉਹੀ ਸ਼ਬਦ ਕਹਿ ਜੋ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਨੇ ਕਹਿ ਸਨ। ਇਹ ਸੁਣ ਕੇ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਨੇ ਕੁੱਝ ਹੋਰ ਸਹਾਬੀਆਂ ਦਾ ਨਾਂ ਲੈ ਕੇ ਫ਼ਰਮਾਇਆ ਕਿ ਉਹਨਾਂ ਨੇ ਵੀ ਬਹੁਤ ਬਹਾਦਰੀ ਵਿਖਾਈ ਹੈ। ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਇਸ ਸੰਬੰਧੀ ਫ਼ਰਮਾਉਂਦੇ ਹਨ : ਅਰਥਾਤ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਇਹ ਵੀ ਬਰਦਾਸ਼ਤ ਨ ਕੀਤਾ ਕਿ ਆਪ ਸੱਲਲਾਹੁ ਅਲੈਹਿ ਵਸੱਲਮ ਦਾ ਜੁਆਈ ਕੋਈ ਅਜਿਹੀ ਗੱਲ੍ਹ ਕਰੇ। ਜਿਸ ਨਾਲ ਦੂਜੇ ਸਹਾਬੀਆਂ ਦੇ ਦਿਲ੍ਹਾਂ ਨੂੰ ਠੇਸ ਪਹੁੰਚੇ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਜੰਗੇ ਓਹਦ ਦੇ ਕਿੱਸੇ ਤਾਂ ਇੱਥੇ ਖ਼ਤਮ ਹੁੰਦੇ ਹਨ। ਫ਼ਰਮਾਇਆ : ਇੱਕ ਹੋਰ ਜੰਗ ਜਿਸ ਦਾ ਨਾਂ ' ਜੰਗੇ ਹਮਰਾਉੱਲ ਅਸਦ ' ਹੈ। ਜੋ ਸ਼ਵਾਲ ਤਿੰਨ ਹਿਜਰੀ ਵਿੱਚ ਹੋਈ। ਇਹ ਜੰਗ ਅਸਲ ਵਿੱਚ ਜੰਗੇ ਓਹਦ ਦਾ ਹੀ ਹਿੱਸਾ ਹੈ ਅਤੇ ਉਸ ਤੋਂ ਪ੍ਰਾਪਤ ਹੋਣ ਵਾਲੇ ਨਤੀਜੀਆਂ ਦੇ ਆਧਾਰ ਉੱਤੇ ਜੰਗੇ ਓਹਦ ਨੂੰ ਹਕੀਕੀ ਅਰਥਾਂ ਵਿੱਚ ਮੁਸਲਮਾਨਾਂ ਦੀ ਹੀ ਜਿੱਤ ਗਿਣਿਆ ਜਾਂਦਾ ਹੈ।

ਹਜ਼ੂਰੇ ਅਨਵਰ ਨੇ ਫ਼ਰਮਾਇਆ : ਇਸ ਦਾ ਵਿਸਥਾਰ ਇੰਸ਼ਾ-ਅੱਲਾਹ ਅੱਗੇ ਬਿਆਨ ਕਰਾਂਗਾ। ਫ਼ਰਮਾਇਆ : ਦੂਜੀ ਗੱਲ੍ਹ ਜੋ ਆਮ ਤੌਰ ਉੱਤੇ ਮੈਂ ਤਹਰੀਕ ਕਰਦਾ ਰਹਿਣਾ ਹਾਂ, ਉਹ ਦੁਆ ਲਈ ਹੈ। ਦੁਆਵਾਂ ਜਾਰੀ ਰੱਖੋ, ਜਿਵੇਂ ਕਿ ਖ਼ਿਆਲ ਅਤੇ ਡਰ ਸੀ ਈਰਾਨ ਉੱਤੇ ਇਸਰਾਈਲ ਨੇ ਹਮਲਾ ਕਰ ਦਿੱਤਾ ਹੈ। ਹਰ ਇੱਕ ਨੂੰ ਪਤਾ ਹੀ ਹੈ। ਇਸ ਨਾਲ ਹੋਰ ਹਾਲਾਤ ਖ਼ਰਾਬ ਹੋਣਗੇ। ਰੱਬ ਇਹਨਾਂ ਲੀਡਰਾਂ ਨੂੰ ਵੀ ਅਕਲ ਬਖ਼ਸ਼ੇ, ਜੋ ਵਿਸ਼ਵ ਯੁੱਧ ਨੂੰ ਹਵਾ ਦੇਣ ਦੀ ਹੋਰ ਕੋਸ਼ਿਸ਼ ਕਰ ਰਹੇ ਹਨ। ਮੁਸਲਮਾਨਾਂ ਨੂੰ ਵੀ ਸਮਝ ਅਤੇ ਅਕਲ ਬਖ਼ਸ਼ੇ ਅਤੇ ਉਹਨਾਂ ਨੂੰ ਤੌਫ਼ੀਕ ਬਖ਼ਸ਼ੇ ਕਿ ਉਹ ਇੱਕ ਬਣ ਕੇ ਫ਼ਿਰ ਦੂਜੀ ਧਿਰ ਦਾ ਸਹੀ ਤਰ੍ਹਾਂ ਮੁਕਾਬਲਾ ਕਰ ਸਕਣ ਅਤੇ ਹਿਕਮਤ ਅਪਣਾ ਸਕਣ।

ਅੰਤ ਵਿੱਚ ਹਜ਼ੂਰੇ ਅਨਵਰ ਨੇ ਪਿੱਛਲੇ ਦਿਨੀਂ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿਣ ਵਾਲੇ ਦੋ ਸਵਰਗਵਾਸੀਆਂ, ਸ਼੍ਰੀਮਾਨ ਗ਼ੁਲਾਮ ਅਹਮਦ ਨਸੀਮ ਸਾਹਿਬ ਮੁਰੱਬੀ ਸਿਲਸਿਲਾ ਹਾਲ ਵਸਨੀਕ ਅਮਰੀਕਾ ਅਤੇ ਸ਼੍ਰੀਮਾਨ ਇਹਸਾਨੁੱਲਾਹ ਜ਼ਫ਼ਰ ਸਾਹਿਬ ਪੂਰਵ ਅਮੀਰ ਜਮਾਅਤ ਅਮਰੀਕਾ ਦਾ ਵਿਸਥਾਰ ਪੂਰਵਕ ਜ਼ਿਕਰ ਫ਼ਰਮਾਇਆ ਅਤੇ ਉਹਨਾਂ ਦੇ ਗੁਣ ਬਿਆਨ ਕੀਤੇ ਅਤੇ ਉਹਨਾਂ ਦੀ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਵੀ ਐਲਾਨ ਫ਼ਰਮਾਇਆ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا
مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہ
اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ
یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔